# ਅਕਾਲੀ ਸਰਪੰਚ ਨੇ ਅਧਿਆਪਕਾ ਨੂੰ ਥੱਪੜ ਮਾਰ ਕੇ ਸਰਕਾਰ ਨੂੰ ਕਸੂਤਾ ਫਸਾਇਆ

ਚੰਡੀਗੜ੍ਹ: ਗਿੱਦੜਬਾਹਾ ਵਿਖੇ ਬੀਬੀ ਹਰਸਿਮਰਤ ਕੌਰ ਦੇ ਸੰਗਤ ਦਰਸ਼ਨ ਸਮਾਗਮ ਦੌਰਾਨ ਅਕਾਲੀ ਸਰਪੰਚ ਵੱਲੋਂ ਇਕ ਅਧਿਆਪਕਾ ਨੂੰ ਥੱਪੜ ਮਾਰਨ ਦੇ ਮਾਮਲੇ ਨੇ ਸਰਕਾਰ ਨੂੰ



*ਪਿੰਡ ਦੌਲਾ ਦੇ ਨਜ਼ਦੀਕ ਰਾਸ਼ਟਰੀ ਰਾਜ ਮਾਰਗ ਜਾਮ ਕਰਦੇ ਈ.ਜੀ.ਐਸ. ਅਧਿਆਪਕ*

ਕਸੂਤੀ ਹਾਲਤ 'ਚ ਫਸਾ ਦਿੱਤਾ ਹੈ। ਇਸ ਮਾਮਲੇ ਬਾਰੇ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਮਾਮਲੇ ਬਾਰੇ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਤੇ ਮੁਕਤਸਰ ਦੇ ਐਸ.ਐਸ.ਪੀ. ਨੂੰ ਨੋਟਿਸ ਭੇਜ ਕੇ 18 ਜਨਵਰੀ, 2012 ਨੂੰ ਰਿਪੋਰਟ ਤਲਬ ਕਰ ਲਈ ਹੈ।

ਦੂਜੇ ਪਾਸੇ ਵਿਰੋਧੀ ਧਿਰਾਂ ਨੇ ਇਸ ਮਾਮਲੇ 'ਤੇ ਸਰਕਾਰ ਨੂੰ ਬੁਰੀ ਤਰ੍ਹਾਂ ਘੇਰ ਲਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੂਬੇ ਵਿਚ ਜੰਗਲ ਦਾ ਰਾਜ ਹੈ ਤੇ ਸਰਕਾਰ ਤਸ਼ੱਦਦ 'ਤੇ ਉਤਰ ਆਈ ਹੈ। ਉਧਰ ਚਾਰੇ ਪਾਸਿਆਂ ਤੋਂ ਪਏ ਦਬਾਅ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੁਕਮਾਂ ਉਪਰ ਪੁਲਿਸ ਨੇ ਅਧਿਆਪਕਾ ਨੂੰ ਥੱਪੜ ਮਾਰਨ ਵਾਲੇ ਪਿੰਡ ਦੌਲਾ ਦੇ ਸਰਪੰਚ ਬਲਜਿੰਦਰ ਸਿੰਘ ਤੋਤੀ ਖਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਜ਼ਮਾਨਤ 'ਤੇ ਛੱਡ ਦਿੱਤਾ। ਇਸ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੋਈ ਠੋਸ ਭਰੋਸਾ ਨਾ ਮਿਲਣ 'ਤੇ ਈ.ਜੀ.ਐਸ. ਵਲੰਟੀਅਰਾਂ ਨੇ ਮੁੱਖ ਮੰਤਰੀ ਦੇ 8 ਦਸੰਬਰ ਨੂੰ ਜਨਮ ਦਿਨ ਮੌਕੇ ਚੰਡੀਗੜ੍ਹ ਵਿਖੇ ਉਨ੍ਹਾਂ ਦੀ ਰਿਹਾਇਸ਼ ਉਪਰ ਸਮੂਹਿਕ ਖੁਦਕੁਸ਼ੀ ਕਰਨ ਦਾ ਐਲਾਨ ਕਰ ਦਿੱਤਾ। ਪੀੜਤ ਅਧਿਆਪਕਾ ਖ਼ਿਲਾਫ਼ ਵੀ ਐਸ.ਸੀ./ ਐਸ.ਟੀ. ਐਕਟ ਤਹਿਤ ਕੇਸ ਦਰਜ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਅਧਿਆਪਕਾ ਆਪਣੀ ਜਾਨ ਨੂੰ ਖ਼ਤਰਾ ਦੱਸ ਰਹੀ ਹੈ।

ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੀ ਪਤਨੀ ਵੀਨੂੰ ਬਾਦਲ ਵੱਲੋਂ ਇਸ ਕਾਂਡ ਦੀ ਨਿੰਦਾ ਕਰਨ ਤੋਂ ਬਾਅਦ ਅੱਜ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਡਾ. ਮਾਲਤੀ ਥਾਪਰ ਨੇ ਵੀ ਪੀੜਤ ਅਧਿਆਪਕਾ ਵਰਿੰਦਰ ਕੌਰ ਨੂੰ ਮਿਲ ਕੇ ਅਕਾਲੀ ਸਰਪੰਚ ਵੱਲੋਂ ਕੀਤੀ ਇਸ ਕਾਰਵਾਈ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਲਈ ਸਿਰਫ ਸਰਪੰਚ ਹੀ ਨਹੀਂ ਸਗੋਂ ਅਕਾਲੀ-ਭਾਜਪਾ ਸਰਕਾਰ ਜ਼ਿੰਮੇਵਾਰ ਹੈ।

## ਕਬੱਡੀ ਕੱਪ ਖੇਡ ਕੇ ਪਰਤੀ ਟੀਮ ਨਾਲ ਟਾਕ ਸ਼ੋਅ 11 ਨੂੰ

ਫਰੀਮਾਂਟ (ਬਿਊਰੋ): ਹਾਲ ਹੀ ਵਿਚ ਪੰਜਾਬ 'ਚ ਹੋਏ ਦੂਜੇ ਵਿਸ਼ਵ ਕਬੱਡੀ ਕੱਪ ਵਿਚ ਹਿੱਸਾ ਲੈਣ ਪਿਛੋਂ ਪਰਤੇ ਅਮਰੀਕੀ ਕਬੱਡੀ ਟੀਮ ਦੇ ਖਿਡਾਰੀਆਂ ਅਤੇ ਪ੍ਰਬੰਧਕਾਂ ਦੇ ਤਜਰਬੇ ਸਰੋਤਿਆਂ ਨਾਲ ਸਾਂਝੇ ਕਰਨ ਲਈ ਰੇਡੀਓ ਚੜ੍ਹਦੀ ਕਲਾ ਵਲੋਂ ਇਕ ਵਿਸ਼ੇਸ਼ ਪ੍ਰੋਗਰਾਮ ਆਉਂਦੀ 11 ਦਸੰਬਰ ਐਤਵਾਰ ਨੂੰ ਸ਼ਾਮ 7 ਵਜੇ ਤੋਂ 9 ਵਜੇ ਤਕ ਕਰਵਾਇਆ ਜਾ ਰਿਹਾ ਹੈ।

ਰੇਡੀਓ ਚੜ੍ਹਦੀ ਕਲਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਪ੍ਰੋਗਰਾਮ ਦੌਰਾਨ ਦੋਹਾਂ ਕਬੱਡੀ ਫੈਡਰੇਸ਼ਨਾਂ ਦੇ ਪ੍ਰਬੰਧਕ ਅਤੇ ਖਿਡਾਰੀ ਸਰੋਤਿਆਂ ਨਾਲ ਕਬੱਡੀ ਕੱਪ ਦੌਰਾਨ ਹੋਏ ਮਿੱਠੇ-ਕੌੜੇ ਅਨੁਭਵ ਸਾਂਝੇ ਕਰਨਗੇ। ਸਰੋਤੇ ਵੀ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਸਕਣਗੇ। ਹੋਰ ਜਾਣਕਾਰੀ ਲਈ ਗੁਰਚਰਨ ਸਿੰਘ ਮਾਨ ਫੋਨ 510-557-0061 ਜਾਂ ਲਖਬੀਰ ਸਿੰਘ ਫੋਨ 510-760-9882 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਐਨ.ਆਰ.ਆਈ. ਸਭਾ ਵੱਲੋਂ ਸ਼ਕਤੀਆਂ ਪ੍ਰਧਾਨ ਨੂੰ ਸੌਂਪਣ ਦੀ ਮੰਗ

ਜਲੰਧਰ: ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਤੇ ਅਹੁਦੇਦਾਰਾਂ ਨੇ ਮੰਗ ਕੀਤੀ ਹੈ ਕਿ ਸਭਾ ਨੂੰ ਚਲਾਉਣ ਦੀਆਂ ਕਾਰਜਕਾਰੀ ਸ਼ਕਤੀਆਂ ਚੇਅਰਮੈਨ ਦੀ ਬਜਾਏ ਚੁਣੇ ਹੋਏ ਪ੍ਰਧਾਨ ਕੋਲ ਹੋਣੀਆਂ ਚਾਹੀਦੀਆਂ ਹਨ। ਇਸ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਭਾ ਦੀ ਸਾਲਾਨਾ ਜਨਰਲ ਮੀਟਿੰਗ 15 ਜਨਵਰੀ ਨੂੰ ਬੁਲਾਈ ਗਈ ਹੈ।

ਐਨ. ਆਰ. ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ, ਸੀਨੀਅਰ ਮੀਤ ਪ੍ਰਧਾਨ ਮੇਜਰ ਸਿੰਘ ਸਹੋਤਾ, ਸਾਬਕਾ ਪ੍ਰਧਾਨ ਗਿਆਨੀ ਰੇਸ਼ਮ ਸਿੰਘ, ਜਨਰਲ ਸਕੱਤਰ ਪ੍ਰਮਿੰਦਰ ਸਿੰਘ ਹੇਅਰ, ਮੀਤ ਪ੍ਰਧਾਨ ਜਗਜੀਤ ਸਿੰਘ ਤੂਰ ਤੇ ਸ੍ਰੀਮਤੀ ਹਰਸਿਮਰਤ ਕੌਰ ਤੋਂ ਇਲਾਵਾ ਬਰਤਾਨੀਆ ਵਿਚ ਮੈਂਬਰ ਪਾਰਲੀਮੈਂਟ ਵਰਿੰਦਰ ਸ਼ਰਮਾ ਨੇ ਇਹ ਮੰਗ ਉਠਾਈ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਬਣਾਏ ਐਨ.ਆਰ.ਆਈ ਕਮਿਸ਼ਨ ਦਾ ਮੈਂਬਰ ਸਭਾ ਦੇ ਪ੍ਰਧਾਨ ਨੂੰ ਬਣਾਇਆ ਜਾਵੇ।

ਉਨ੍ਹਾਂ ਮੰਗ ਕੀਤੀ ਕਿ ਐਨ.ਆਰ.ਆਈ. ਸਭਾ ਸਮੁੱਚੀ ਦੁਨੀਆ ਵਿਚ ਵਸਦੇ ਪਰਵਾਸੀ ਪੰਜਾਬੀਆਂ ਦੀ ਨੁਮਾਇੰਦਾ ਸੰਸਥਾ ਹੈ ਤੇ ਇਸ ਦੇ ਪ੍ਰਧਾਨ ਨੂੰ ਅਹੁਦੇ ਵਜੋਂ ਕਮਿਸ਼ਨ ਦਾ ਮੈਂਬਰ ਬਣਾਏ ਜਾਣ ਨਾਲ ਉਨ੍ਹਾਂ ਨੂੰ ਬਣਦੀ ਨੁਮਾਇੰਦਗੀ ਵੀ ਮਿਲੇਗੀ ਤੇ ਭਰੋਸਾ ਵੀ ਪੈਦਾ ਹੋਵੇਗਾ। ਸ੍ਰੀ ਵਰਿੰਦਰ ਸ਼ਰਮਾ ਨੇ ਦੱਸਿਆ ਕਿ ਉਹ ਦੋ ਦਿਨ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ ਸਨ ਤੇ ਉਨ੍ਹਾਂ ਨੂੰ ਸਭਾ ਦੀਆਂ ਕਾਰਜਕਾਰੀ ਸ਼ਕਤੀਆਂ ਚੁਣੇ ਪ੍ਰਧਾਨ ਨੂੰ ਦੇਣ ਤੇ ਕਮਿਸ਼ਨ ਮੈਂਬਰ ਸਭਾ ਦੇ ਪ੍ਰਧਾਨ ਨੂੰ ਬਣਾਉਣ ਦੀ ਮੰਗ ਉਠਾਈ ਸੀ। ਜ਼ਿਕਰਯੋਗ ਹੈ ਕਿ ਐਨ.ਆਰ.ਆਈ. ਦਾ ਚੇਅਰਮੈਨ ਜਲੰਧਰ ਦੇ ਡਵੀਜ਼ਨਲ ਕਮਿਸ਼ਨਰ ਨੂੰ ਬਣਾਇਆ ਜਾਂਦਾ ਹੈ। ਸਭਾ ਦੇ ਜਨਰਲ ਹਾਊਸ ਦੀ ਮੀਟਿੰਗ ਦੀ ਕਾਰਵਾਈ ਵੀ ਚੇਅਰਮੈਨ ਦੀ ਪ੍ਰਵਾਨਗੀ ਹੇਠ ਹੁੰਦੀ ਹੈ ਤੇ ਹਰ ਤਰ੍ਹਾਂ ਦੇ ਵਿੱਤੀ ਤੇ ਚਲੰਤ ਮਾਮਲਿਆਂ ਬਾਰੇ ਅੰਤਿਮ ਫੈਸਲਾ ਵੀ ਚੇਅਰਮੈਨ ਦਾ ਹੀ ਹੁੰਦਾ ਹੈ। ਪਹਿਲਾਂ ਵੀ ਕਈ ਵਾਰ ਚੁਣੇ ਹੋਏ ਪ੍ਰਧਾਨ ਨੂੰ ਕਾਰਜਕਾਰੀ ਤਾਕਤਾਂ ਦੇਣ ਦੀ ਮੰਗ ਉਠਦੀ ਰਹੀ ਹੈ।

ਸ੍ਰੀ ਵਰਿੰਦਰ ਸ਼ਰਮਾ ਨੇ ਭਾਰਤੀ ਪਾਸਪੋਰਟ ਵਾਲੇ ਪਰਵਾਸੀਆਂ ਪੰਜਾਬੀਆਂ ਦੇ ਵੋਟਰ ਬਣਨ ਦੇ ਮੱਠੇ ਹੁੰਗਾਰੇ ਬਾਰੇ ਗੱਲ ਕਰਦਿਆਂ ਕਿਹਾ ਕਿ ਇਕ ਤਾਂ ਇਸ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਜ਼ਰੂਰਤ ਹੈ ਪਰ ਨਾਲ ਹੀ ਵੋਟ ਪਾਉਣ ਦੀ ਵਿਧੀ ਵੀ ਵਿਹਾਰਕ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਰਫ ਵੋਟ ਪਾਉਣ ਲਈ ਲੋਕ ਅਮਰੀਕਾ, ਇੰਗਲੈਂਡ ਤੋਂ ਇਥੇ ਨਹੀਂ ਆ ਸਕਦੇ। ਉਨ੍ਹਾਂ ਸੁਝਾਅ ਦਿੱਤਾ ਕਿ ਬਾਹਰਲੇ ਮੁਲਕਾਂ ਦੀਆਂ ਅੰਬੈਸੀਆਂ ਤੇ ਹਾਈ ਕਮਿਸ਼ਨਰਾਂ ਨੂੰ ਸੰਬੰਧਿਤ ਮੁਲਕਾਂ ਵਿਚ ਵੋਟ ਪਵਾਉਣ ਦੀ ਖੁੱਲ੍ਹ ਦਿੱਤੀ ਜਾਵੇ।

## ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਕਰਬਲਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਬਾਂਦਾ: ਇਸ ਪਛੜੇ ਸ਼ਹਿਰ 'ਚ ਫਿਰਕੂ ਸਦਭਾਵਨਾ ਦੀ ਮਿਸਾਲ ਕਾਇਮ ਕਰਦਿਆਂ ਹਿੰਦੂਆਂ ਨੇ ਮੁਸਲਮਾਨ ਭਰਾਵਾਂ ਨਾਲ ਰਲ ਕੇ ਮੁਹੱਰਮ ਦੀ ਪੂਰਵ ਸੰਧਿਆ ਉਪਰ ਕਰਬਲਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਦੋਹਾਂ ਫਿਰਕਿਆਂ ਨੇ ਇਥੋਂ ਦੇ ਅਲੀਗੰਜ ਇਲਾਕੇ ਵਿਖੇ ਗੁਲਾਬ ਬਾਗ ਰੋਡ 'ਤੇ 'ਰਾਮਸੀ ਕਾ ਇਮਾਮਵਾੜਾ' ਵਿਚ ਸ਼ਰਧਾਂਜਲੀ ਭੇਟ ਕੀਤੀ। ਇਹ ਇਮਾਮਵਾੜਾ 260 ਸਾਲ ਪਹਿਲਾਂ ਮਰਾਠਿਆਂ ਨੇ ਕਾਇਮ ਕੀਤਾ ਸੀ। 71 ਸਾਲਾਂ ਬਸੰਤ ਰਾਜ ਸਾਮੰਤ ਨੇ ਦੱਸਿਆ, ਇਸ ਸਮਾਗਮ ਵਿਚ 5ਵੀਂ ਪੀੜ੍ਹੀ ਹਿੱਸਾ ਲੈ ਰਹੀ ਹੈ। ਉਨ੍ਹਾਂ 1750 ਤੋਂ ਇਸ ਰਵਾਇਤ ਨੂੰ ਕਾਇਮ ਰੱਖਿਆ ਹੋਇਆ ਹੈ।

## ਫਰਿਜ਼ਨੋ ਹਵਾਈ ਅੱਡੇ ਉਪਰ ਸਿੱਖ ਉਤੇ ਚਾਕੂ ਨਾਲ ਹਮਲਾ

ਫਰਿਜ਼ਨੋ: ਇਥੇ ਯੋਸਮਾਈਟ ਕੌਮਾਂਤਰੀ ਹਵਾਈ ਅੱਡੇ ਉਤੇ ਐਤਵਾਰ ਸ਼ਾਮੀਂ ਕਰੀਬ 50 ਸਾਲ ਦੇ ਇਕ ਸਿੱਖ ਉਪਰ ਕਿਸੇ ਨੇ ਹਮਲਾ ਕਰਕੇ ਉਸ ਨੂੰ ਚਾਕੂ ਨਾਲ ਜ਼ਖਮੀ ਕਰ ਦਿੱਤਾ। ਫਰਿਜ਼ਨੋ ਪੁਲਿਸ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸ਼ਾਮੀਂ ਕਰੀਬ 5:30 ਵਜੇ ਜਦੋਂ ਇਹ ਸਿੱਖ ਵਿਅਕਤੀ ਸਕਿਉਰਿਟੀ ਏਰੀਏ ਵਿਚ ਆਪਣੀ ਫਲਾਈਟ ਦੀ ਇੰਤਜ਼ਾਰ ਕਰ ਰਿਹਾ ਸੀ ਤਾਂ 26 ਸਾਲ ਦੇ ਇਕ ਗੋਰੇ ਵਿਅਕਤੀ ਨੇ ਉਸ ਉਪਰ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਪਹਿਲਾਂ ਜਾਪਿਆ ਕਿ ਉਸ ਨੂੰ ਘਸੁੰਨ ਮਾਰਿਆ ਗਿਆ ਹੈ ਪਰ ਅਸਲ ਵਿਚ ਉਸ ਦੇ ਚਾਕੂ ਮਾਰਿਆ ਗਿਆ ਸੀ। ਪੁਲਿਸ ਨੇ ਸਿੱਖ ਵਿਅਕਤੀ ਅਤੇ ਹਮਲਾਵਰ ਦਾ ਨਾਂ ਜਾਹਰ ਨਹੀਂ ਕੀਤਾ।

ਸਥਾਨਕ ਅੰਗਰੇਜ਼ੀ ਅਖ਼ਬਾਰ ਫਰਿਜ਼ਨੋ ਬੀ ਅਨੁਸਾਰ ਹਮਲਾਵਰ ਨੇ ਹਵਾਈ ਅੱਡੇ ਤੋਂ ਭੱਜ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਏਅਰਪੋਰਟ ਪੁਲਿਸ ਨੇ ਉਸ ਨੂੰ ਇਕ ਖਤਰਨਾਕ ਹਥਿਆਰ ਸਮੇਤ ਗ੍ਰਿਫਤਾਰ ਕਰ ਲਿਆ। ਜ਼ਖਮੀ ਸਿੱਖ ਨੂੰ ਹਵਾਈ ਅੱਡੇ ਉਤੇ ਹੀ ਮੁਢਲੀ ਡਾਕਟਰੀ ਸਹਾਇਤਾ ਦਿੱਤੀ ਗਈ। ਉਸ ਨੇ ਹਸਪਤਾਲ ਜਾਣ ਤੋਂ ਇਨਕਾਰ ਕਰਦਿਆਂ ਆਪਣੀ ਫਲਾਈਟ ਫੜਨ ਨੂੰ ਤਰਜੀਹ ਦਿੱਤੀ। ਪੁਲਿਸ ਅਨੁਸਾਰ ਹਮਲਾਵਰ ਅਤੇ ਜ਼ਖਮੀ ਹੋਏ ਵਿਅਕਤੀ ਵਿਚਾਲੇ ਕੋਈ ਬੋਲ ਬੁਲਾਰਾ ਨਹੀਂ ਹੋਇਆ ਅਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਮਲਾਵਰ ਨੇ ਹਮਲਾ ਕਿਉਂ ਕੀਤਾ? ਪੁਲਿਸ ਅਜੇ ਇਹ ਫੈਸਲਾ ਨਹੀਂ ਕਰ ਸਕੀ ਕਿ ਇਹ ਨਸਲੀ ਹਮਲਾ ਸੀ।

# ਪਰਵਾਸੀ ਪੰਜਾਬੀਆਂ ਨੂੰ ਪੀਪਲਜ਼ ਪਾਰਟੀ ਦੀ ਭਰਵੀਂ ਹਮਾਇਤ ਦਾ ਸੱਦਾ

ਫਰਿਜ਼ਨੋ (ਕੁਲਵੰਤ ਉਭੀ): ਪੰਜਾਬ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਨੂੰ ਮੱਖ ਰੱਖ ਕੇ ਭਾਵੇਂ ਰਵਾਇਤੀ ਸਿਆਸੀ ਪਾਰਟੀਆਂ-ਕਾਂਗਰਸ ਤੇ ਅਕਾਲੀ ਦਲ (ਬਾਦਲ) ਲੋਕਾਂ ਨੂੰ ਲੁਭਾਉਣ ਲਈ ਹਰ ਹਰਬਾ ਵਰਤ ਰਹੀਆਂ ਹਨ ਪਰ ਪੰਜਾਬ ਦੇ ਲੋਕ ਉਨ੍ਹਾਂ ਦੇ ਭੁਚਲਾਵੇ ਵਿਚ ਹੋਰ ਨਹੀਂ ਆਉਣ ਵਾਲੇ। ਇਸੇ ਕਰਕੇ ਉਨ੍ਹਾਂ ਵਲੋਂ ਪੰਜਾਬ ਲਈ ਇਕ ਵੱਖਰੀ ਸੋਚ ਲੈ ਕੇ ਆਏ ਪੰਜਾਬ ਪੀਪਲਜ਼ ਪਾਰਟੀ ਦੇ ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਇਸ ਹੁੰਗਾਰੇ ਨੇ ਕਾਂਗਰਸ ਤੇ ਅਕਾਲੀ ਦਲ ਦੇ ਖੇਮਿਆਂ ਵਿਚ ਹਲਚਲ ਮਚਾਈ ਹੋਈ ਹੈ। ਇਹ ਵਿਚਾਰ ਪੀਪਲਜ਼ ਪਾਰਟੀ ਆਫ ਪੰਜਾਬ ਦੀ ਸਥਾਨਕ ਇਕਾਈ ਵਲੋਂ ਇਥੇ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਕਰਵਾਏ ਗਏ ਇਕ ਸਮਾਗਮ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਪ੍ਰਗਟਾਏ। ਜਿਥੇ ਇਸ ਮੀਟਿੰਗ ਵਿਚ ਪਾਰਟੀ ਦੇ ਸਰਗਰਮ ਮੈਂਬਰਾਂ ਨੇ ਆਪਣੀ ਪਾਰਟੀ ਦੀਆਂ ਨੀਤੀਆਂ ਅਤੇ ਏਜੰਡੇ ਦੀ ਗੱਲ ਕੀਤੀ, ਉਥੇ ਪੰਜਾਬ ਪ੍ਰਤੀ ਫਿਕਰ ਰੱਖਣ ਵਾਲੇ ਕਈ ਲੋਕਾਂ ਨੇ ਆਪਣੇ ਸ਼ੰਕੇ ਤੇ ਸਵਾਲ ਵੀ ਪਾਰਟੀ ਵਰਕਰਾਂ ਨਾਲ ਸਾਂਝੇ ਕੀਤੇ।

ਸ. ਹਾਕਮ ਸਿੰਘ ਢਿੱਲੋਂ ਨੇ ਪਾਰਟੀ ਦੀ ਮੌਜੂਦਾ ਸਥਿਤੀ ਦਾ ਜ਼ਿਕਰ ਕਰਦਿਆਂ ਹਾਜ਼ਰ ਲੋਕਾਂ ਤੋਂ ਪਾਰਟੀ ਲਈ ਪੂਰੀ ਤਨਦੇਹੀ ਨਾਲ ਸਹਿਯੋਗ ਦੀ ਮੰਗ ਕੀਤੀ। ਡਾ. ਅਜੀਤ ਸਿੰਘ ਖਹਿਰਾ ਨੇ ਇਸ ਮੌਕੇ ਬੋਲਦਿਆਂ ਸ. ਮਨਪ੍ਰੀਤ ਸਿੰਘ ਬਾਦਲ ਵਲੋਂ ਸੱਚਾ ਸੌਦਾ ਡੇਰੇ ਜਾ ਕੇ ਵੋਟਾਂ ਮੰਗਣ ਦੇ ਮਾਮਲੇ ਉਤੇ ਲੋਕਾਂ ਵਲੋਂ ਉਠਾਏ ਗਏ ਸਵਾਲ ਦੀ ਗੱਲ ਕਰਦਿਆਂ ਕਿਹਾ ਕਿ ਸ. ਮਨਪ੍ਰੀਤ ਸਿੰਘ ਬਾਦਲ ਪਹਿਲਾਂ ਹੀ ਸਪਸ਼ਟ ਕਰ ਚੁਕੇ ਹਨ ਕਿ ਉਹ ਧਰਮ ਤੇ ਸਿਆਸਤ ਨੂੰ ਅਲੱਗ ਰੱਖਣ ਦੇ ਮੁੱਦਈ ਹਨ। ਉਹ ਸਭ ਧਰਮਾਂ ਦਾ ਸਤਿਕਾਰ ਕਰਦੇ ਹਨ ਅਤੇ ਧਰਮ ਨੂੰ ਰਾਜਨੀਤੀ ਲਈ ਵਰਤਣ ਦੇ ਹੱਕ ਵਿਚ ਨਹੀਂ ਹਨ। ਧਰਮ ਦੇ ਨਾਂ 'ਤੇ ਲੋਕਾਂ ਨੂੰ ਗੁਮਰਾਹ ਕਰਕੇ ਵੋਟਾਂ ਮੰਗਣ ਦੇ ਉਹ ਵਿਰੁਧ ਹਨ। ਉਨ੍ਹਾਂ ਸ. ਮਨਪ੍ਰੀਤ ਬਾਦਲ ਵਲੋਂ ਪਰਵਾਸੀ ਪੰਜਾਬੀਆਂ ਨੂੰ ਇਸ ਸਬੰਧੀ ਈ-ਮੇਲ ਰਾਹੀਂ ਭੇਜੇ ਸਪਸ਼ਟੀਕਰਨ ਦਾ ਜ਼ਿਕਰ ਵੀ ਕੀਤਾ।

ਪਾਰਟੀ ਦੇ ਇਕ ਹੋਰ ਵਰਕਰ ਰਣਜੀਤ ਸਿੰਘ ਗਿੱਲ ਨੇ ਆਖਿਆ ਕਿ ਪੰਜਾਬ ਦੀ ਅਜੋਕੀ ਹੁਕਮਰਾਨ ਪਾਰਟੀ ਅਕਾਲੀ ਦਲ ਗੁਰੂ ਘਰਾਂ ਦੀ ਗੋਲਕ ਉਤੇ ਕਬਜ਼ੇ ਦੇ ਜ਼ੋਰ ਉਪਰ ਚੱਲ ਰਹੀ ਹੈ। ਅਕਾਲੀ ਦਲ (ਬਾਦਲ) ਨੇ ਨਾ ਸਿਰਫ ਸ਼੍ਰੋਮਣੀ ਕਮੇਟੀ ਸਗੋਂ ਤਖ਼ਤਾਂ ਦੇ ਜਥੇਦਾਰਾਂ ਨੂੰ ਵੀ ਆਪਣੇ ਜਰਖਰੀਦ ਬਣਾਇਆ ਹੋਇਆ ਹੈ। ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਨੁਮਾਇੰਦਗੀ ਕਰਦਿਆਂ ਸੁਰਿੰਦਰ ਸਿੰਘ ਮੰਡਾਲੀ ਨੇ ਕਿਹਾ ਕਿ ਧਰਮ ਹਰ ਇਨਸਾਨ ਦਾ ਜਾਤੀ ਮਾਮਲਾ ਹੈ ਅਤੇ ਸਿਆਸਤ ਲੋਕਾਂ ਲਈ ਹੁੰਦੀ ਹੈ। ਮਨਪ੍ਰੀਤ ਦੀ ਧਰਮ ਤੇ ਸਿਆਸਤ ਨੂੰ ਅਲੱਗ ਰੱਖਣ ਸਬੰਧੀ ਪਹੁੰਚ ਸਲਾਹੁਣਯੋਗ ਹੈ। ਰੇਡੀਓ ਹੋਸਟ ਡਾ. ਜੋਸਨ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪੰਜਾਬ ਦੇ 80% ਲੋਕ ਡੇਰਾਵਾਦ ਦੇ ਪ੍ਰਭਾਵ ਹੇਠ ਹਨ। ਉਨ੍ਹਾਂ ਤੱਕ ਪਹੁੰਚ ਲਈ ਕਈ ਵਾਰ ਇਹ ਡੇਰੇ ਸਹਾਈ ਸਾਬਤ ਹੁੰਦੇ ਹਨ। ਮਨਪ੍ਰੀਤ ਦੇ ਕਿਸੇ ਡੇਰੇ 'ਤੇ ਜਾਣ ਵਿਚ ਕੁਝ ਵੀ ਗਲਤ ਨਹੀਂ।

ਸਮਾਗਮ ਨੂੰ ਸੰਬੋਧਨ ਕਰਦਿਆਂ ਨਾਜ਼ਰ ਸਿੰਘ ਸਹੋਤਾ ਨੇ ਸਮੂਹ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਤਬਦੀਲੀ ਲਿਆਉਣ ਲਈ ਪੀਪਲਜ਼ ਪਾਰਟੀ ਆਫ ਪੰਜਾਬ ਦੀ ਅਗਵਾਈ ਹੇਠਲੇ ਤੀਜੇ ਮੋਰਚੇ ਨੂੰ ਆਉਂਦੀਆਂ ਚੋਣਾਂ ਵਿਚ ਭਰਵੀਂ ਹਮਾਇਤ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਾਰਟੀ ਤੋਂ ਪੰਜਾਬ ਦੀ ਸਿਆਸਤ ਨੂੰ ਇਕ ਨਵੀਂ ਦਿਸ਼ਾ ਦੇਣ ਦੀ ਸੰਭਾਵਨਾ ਨਜ਼ਰ ਆਉਂਦੀ ਹੈ।

ਇਸ ਸਮਾਗਮ ਦੌਰਾਨ ਹਾਜ਼ਰ ਲੋਕਾਂ ਵਿਚ ਪ੍ਰਮੁੱਖ ਹੈਰੀ ਮਾਨ, ਮਹਿੰਦਰ ਸਿੰਘ ਸੰਧਾਵਾਲੀਆ, ਡਾ. ਅਰਜਨ ਜੋਸਨ, ਰਾਜ ਬਰਾੜ, ਜਸਵਿੰਦਰ ਸਿੰਘ, ਸਰਦੂਲ ਸਿੰਘ ਢਿੱਲੋਂ, ਅਮਰਜੀਤ ਦੌਧਰ, ਦੀਪ ਮਾਨ, ਨਿਰਮਲ ਸਿੰਘ ਧਨੌਲਾ, ਦਰਸ਼ਨ ਬਰਾੜ, ਗੁਦਾਵਰ ਧਾਲੀਵਾਲ, ਸ਼ਰਨ ਢਿੱਲੋਂ, ਬਿੱਟੂ ਕੁੱਸਾ, ਅਮਰਜੀਤ ਘੋਲੀਆ, ਸੁਲੱਖਣ ਸਿੰਘ, ਕੇਵਲ ਬਾਗੀ, ਗੁਰਦੀਪ ਚੌਹਾਨ, ਗੁਰਬਿੰਦਰ ਸਿੰਘ, ਨਵਦੀਪ ਧਾਲੀਵਾਲ, ਇੰਦਰਜੀਤ ਸਿੱਧੂ, ਕਾਲਾ, ਪੱਪੀ ਭਦੌੜ, ਬੋਸਾ ਢੇਸੀ ਅਤੇ ਅਵਤਾਰ ਗਰੇਵਾਲ ਤਾਜਪੁਰ ਸ਼ਾਮਲ ਸਨ।



*ਪੀਪਲਜ਼ ਪਾਰਟੀ ਆਫ ਪੰਜਾਬ ਦੀ ਮੀਟਿੰਗ ਵਿਚ ਹਾਜ਼ਰ ਪਾਰਟੀ ਵਰਕਰ ਅਤੇ ਹੋਰ ਹਮਾਇਤੀ*

# ਕਿਸ਼ਨਜੀ ਦੀ ਸ਼ਹਾਦਤ ਤੋਂ ਬਾਅਦ ਮਾਓਵਾਦੀਆਂ ਵੱਲੋਂ ਸਰਗਰਮੀ ਤੇਜ਼

ਨਵੀਂ ਦਿੱਲੀ: ਮਾਓਵਾਦੀਆਂ ਵੱਲੋਂ ਆਪਣੇ ਆਗੂ ਕਿਸ਼ਨਜੀ ਦੀ ਮੌਤ ਦੇ ਰੋਸ ਵਜੋਂ ਝਾਰਖੰਡ ਵਿਚ ਰੇਲ ਪਟੜੀਆਂ ਉਡਾ ਦਿੱਤੀਆਂ ਤੇ ਬਿਹਾਰ ਵਿਚ ਮੋਬਾਈਲ ਟਾਵਰਾਂ ਨੂੰ ਅੱਗ ਲਾ ਦਿੱਤੀ। ਮਾਓਵਾਦੀਆਂ ਨੇ ਬੋਕਾਰੋ ਜ਼ਿਲ੍ਹੇ ਵਿਚ ਮੋਮੀਆ ਤੇ ਡੁਮਰੀ ਰੇਲਵੇ ਸਟੇਸ਼ਨਾਂ ਵਿਚਕਾਰ ਰੇਲ ਪਟੜੀਆਂ ਬਾਰੂਦੀ ਸੁਰੰਗ ਧਮਾਕਿਆਂ ਰਾਹੀਂ ਉਡਾ ਦਿੱਤੀਆਂ। ਲਾਟੇਹਾਰ ਜ਼ਿਲ੍ਹੇ ਵਿਚ ਹੇਹੇਮਾਰਾ ਤੇ ਡਿਪਾਡੇਰਾਰ ਰੇਲਵੇ ਸਟੇਸ਼ਨਾਂ ਵਿਚਕਾਰ ਰੇਲ ਪਟੜੀਆਂ ਉਡਾ ਦਿੱਤੀਆਂ। ਮਾਓਵਾਦੀਆਂ ਨੇ ਲਟੇਹਾਰ ਜ਼ਿਲ੍ਹੇ ਵਿਚ ਆਜ਼ਾਦ ਸੰਸਦ ਮੈਂਬਰ ਇੰਦਰ ਸਿੰਘ ਨਾਮਧਾਰੀ 'ਤੇ ਹਮਲਾ ਕਰ ਦਿੱਤਾ ਪਰ ਉਹ ਵਾਲ-ਵਾਲ ਬਚ ਗਏ। ਇਸ ਹਮਲੇ ਵਿਚ 11 ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਮਾਓਵਾਦੀਆਂ ਨੇ ਸੁਰੱਖਿਆ ਕਰਮੀਆਂ ਦੇ ਹਥਿਆਰ ਵੀ ਲੁੱਟ ਲਏ।

ਬਿਹਾਰ ਵਿਚ ਮਾਓਵਾਦੀਆਂ ਦੇ ਦਸਤੇ ਨੇ ਕੁਟੁੰਬਾ ਪੁਲਿਸ ਸਟੇਸ਼ਨ ਅਧੀਨ ਆਉਂਦੇ ਪਿੰਡ ਸੂਹੀ ਵਿਚ ਏਅਰਟੈੱਲ ਕੰਪਨੀ ਦੇ ਮੋਬਾਈਲ ਟਾਵਰ ਨੂੰ ਅੱਗ ਲਾ ਦਿੱਤੀ।

ਉਧਰ ਮਾਓਵਾਦੀ ਨੇਤਾ ਕਿਸ਼ਨਜੀ ਭਾਵੇਂ ਸ਼ਹੀਦ ਹੋ ਗਿਆ ਹੈ ਪਰ ਮਾਓਵਾਦੀ ਲੀਡਰਾਂ ਦਾ ਵਿਚਾਰ ਹੈ ਕਿ ਜੰਗਲਮਹਿਲ ਵਿਚ ਚੱਲ ਰਹੀ ਲੋਕ ਲਹਿਰ ਇਸ ਨਾਲ ਖਤਮ ਨਹੀਂ ਹੋਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਬਦਲਾਲਊ ਕਾਰਵਾਈ ਤੇ ਆਰਥਿਕ ਵਿਕਾਸ ਲਈ ਇਮਾਨਦਾਰਨਾ ਪਹੁੰਚ ਦੀ ਘਾਟ ਦੇ ਨਾਲ-ਨਾਲ ਜੰਗਲਮਹਿਲ ਦੇ ਲੋਕਾਂ ਦਾ ਸ਼ੋਸ਼ਣ ਲੋਕ ਲਹਿਰ ਨੂੰ ਜਿਉਂਦਾ ਰੱਖੇਗਾ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੇ ਕੌਮੀ ਜਨਰਲ ਸਕੱਤਰ ਦੀਪਾਂਕਰ ਭਟਾਚਾਰਜੀ ਦਾ ਕਹਿਣਾ ਹੈ ਕਿ ਇਹ ਅੰਦੋਲਨ ਸਥਾਨਕ ਲੋਕਾਂ ਨੇ ਸ਼ੁਰੂ ਕੀਤਾ ਹੈ ਤੇ ਜਿਨ੍ਹਾਂ ਪ੍ਰਸਥਿਤੀਆਂ ਵਿਚ ਇਹ ਅੰਦੋਲਨ ਸ਼ੁਰੂ ਹੋਇਆ ਸੀ, ਉਹ ਅੱਜ ਵੀ ਕਾਇਮ ਹਨ। ਇਸ ਲਈ ਇਹ ਅੰਦੋਲਨ ਛੇਤੀ ਖਤਮ ਨਹੀਂ ਹੋਵੇਗਾ।

ਦੂਜੇ ਪਾਸੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਨਕਸਲ ਪ੍ਰਭਾਵਿਤ ਸੂਬਿਆਂ ਵਿਚ ਮਹੱਤਵਪੂਰਨ ਤੇ ਖੁਫੀਆ ਸੂਚਨਾ ਆਧਾਰਤ ਅਪਰੇਸ਼ਨ ਜਾਰੀ ਰੱਖਣ 'ਤੇ ਜ਼ੋਰ ਦਿੰਦਿਆਂ ਸਰਹੱਦੀ ਸੁਰੱਖਿਆ ਫੋਜ (ਬੀ.ਐਸ.ਐਫ.) ਦੀ ਮਹੱਤਵਪੂਰਨ ਇਕਾਈ ਲਈ 800 ਨਵੀਆਂ ਅਸਾਮੀਆਂ ਦਾ ਐਲਾਨ ਕੀਤਾ ਹੈ। ਉਨ੍ਹਾਂ ਫੌਜ ਨੂੰ ਨਕਸਲੀਆਂ ਖਿਲਾਫ ਮਾਓਵਾਦੀਆਂ ਵਿਰੋਧੀ ਮੁਹਿੰਮ ਲਈ ਬਣਾਈਆਂ ਗਈਆਂ ਤਕਨੀਕਾਂ ਤੇ ਨੀਤੀਆਂ ਵਰਤਣ ਦੀ ਸਲਾਹ ਦਿੱਤੀ ਹੈ।

# ਪੰਜਾਬ ਟਾਈਮਜ਼ ਅਤੇ ਪੀ ਟੀ ਸੀ ਪੰਜਾਬੀ ਬੜੇ ਮਾਣ ਨਾਲ ਪੇਸ਼ ਕਰਦੇ ਹਨ



ਬਲਕਾਰ ਦਾਨਿਸ਼

ਪੰਜਾਬੀ ਗਾਇਕੀ ਦੀਆਂ ਮਿਆਰੀ ਪਰੰਪਰਾਵਾਂ, ਸੂਫੀਆਨਾ ਰੰਗ ਅਤੇ ਰਾਗ ਵਿਦਿਆ ਦੀ ਸੂਝ ਰੱਖਣ ਵਾਲੇ ਲੋਕ ਗੀਤਾਂ ਵਰਗੇ ਸ਼ਾਇਰ, ਗਾਇਕ ਅਤੇ ਕਾਵਿ ਪੁਸਤਕ "ਤੂੰ" ਦੇ ਰਚੈਤਾ

## ਬਲਕਾਰ ਦਾਨਿਸ਼

("ਜੋਗੀ ਚੱਲੇ" ਫੇਮ) ਦੀ

# ਸੰਗੀਤਕ ਮਹਿਫਿਲ

ਜੋ ਸੰਗੀਤ ਪ੍ਰੇਮੀਆਂ ਨੂੰ ਆਪਣੇ ਇਕ ਵੱਖਰੇ ਰੰਗ ਕਰਕੇ ਚਿਰਾਂ ਤੀਕਰ ਯਾਦ ਰਹੇਗੀ। ਆਪਣੀ ਹਾਜ਼ਰੀ ਹਰਗਿਜ਼ ਯਕੀਨੀ ਬਣਾਓ

**17 ਦਸੰਬਰ 2011**
*ਸ਼ਾਮ 7 ਵਜੇ*

**ਸਥਾਨ** St. Demetrious Community Center
691 Roosevelt Ave., Carteret, NJ 07008

ਇਸ ਮਹਿਫਿਲ ਦੇ ਵਿਸ਼ੇਸ਼ ਮਹਿਮਾਨਾਂ ਵਿਚ ਕਾਰਟਰੇਟ ਸਿਟੀ ਦੇ ਮੇਅਰ ਡੇਨੀਅਲ ਜੇ. ਰਾਇਮਨ, ਪੱਤਰਕਾਰ ਐਸ. ਅਸ਼ੋਕ ਭੌਰਾ, ਫਿਲਮਕਾਰ ਬਾਬ ਖਹਿਰਾ, ਮੈਨੀ ਸੰਧੂ ਅਤੇ ਪਾਲ ਚੱਠਾ ਸ਼ਾਮਲ ਹੋਣਗੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਬਲਜਿੰਦਰ ਸਿੰਘ
732-620-1740

ਗੁਰਬਖ਼ਸ਼ ਰਾਹੀ
732-609-2495



ਬਲਜਿੰਦਰ ਸਿੰਘ



ਬੌਬ ਖਹਿਰਾ



ਗੁਰਬਖ਼ਸ਼ ਰਾਹੀ



ਨਰਿੰਦਰ ਸਿੰਘ



ਮਨਜਿੰਦਰ ਸਿੰਘ



ਸੁਖਜਿੰਦਰ ਸਿੰਘ



ਗੁਰਪ੍ਰੀਤ ਸਿੰਘ ਢਿੱਲੋਂ



ਪਾਲ ਚੱਠਾ

# ਪੰਜਾਬ ਗੀਤਕਾਰ ਮੰਚ ਵਲੋਂ ਮਾਣਕ ਨਮਿਤ ਸ਼ਰਧਾਂਜਲੀ ਸਮਾਗਮ 11 ਨੂੰ

**ਸੈਕਰਾਮੈਂਟੋ:** ਪੰਜਾਬੀ ਗੀਤਕਾਰ ਮੰਚ, ਕੈਲੀਫੋਰਨੀਆ ਵੱਲੋਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਲਈ ਵਿਸ਼ੇਸ਼ ਸ਼ਰਧਾਂਜਲੀ ਸਮਾਗਮ 11 ਦਸੰਬਰ ਵੀਰਵਾਰ ਨੂੰ ਇਥੇ ਗੁਰਦੁਆਰਾ ਗੁਰੂ ਰਵਿਦਾਸ ਸਭਾ (6221-16ਵੀਂ ਸਟ੍ਰੀਟ, ਰੀਓਲਿੰਡਾ) ਵਿਖੇ ਹੋਵੇਗਾ।

ਮੰਚ ਦੇ ਪ੍ਰਧਾਨ ਮੱਖਣ ਲੁਹਾਰ ਅਤੇ ਜਨਰਲ ਸਕੱਤਰ ਬਿੱਕਰ ਕੰਮੇਆਣਾ ਅਨੁਸਾਰ ਤਿੰਨ ਦਸੰਬਰ ਤੋਂ ਸਾਧਾਰਨ ਪਾਠ ਆਰੰਭ ਹੋ ਗਏ ਹਨ ਤੇ 11 ਦਸੰਬਰ ਨੂੰ ਭੋਗ ਪੈਣ ਉਪਰੰਤ ਮਾਣਕ ਨਮਿਤ ਅਰਦਾਸ ਹੋਵੇਗੀ ਤੇ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਹੋਵੇਗਾ। ਉਨ੍ਹਾਂ ਸਮੂਹ ਪੰਜਾਬੀਆਂ, ਮਾਣਕ ਦੇ ਹਿਤੈਸ਼ੀਆਂ, ਪ੍ਰਸ਼ੰਸਕਾਂ ਨੂੰ ਇਸ ਸਮਾਗਮ ਵਿਚ ਸਵੇਰੇ 9 ਵਜੇ ਪਹੁੰਚਣ ਦੀ ਬੇਨਤੀ ਕੀਤੀ ਹੈ। ਸੰਪਰਕ ਲਈ ਮੱਖਣ ਲੁਹਾਰ ਫੋਨ 916-613-0577, ਬਿੱਕਰ ਕੰਮੇਆਣਾ ਫੋਨ 805-727-0516 ਅਤੇ ਐਸ. ਅਸ਼ੋਕ ਭੌਰਾ ਫੋਨ 801-512-4552 'ਤੇ ਗੱਲ ਕੀਤੀ ਜਾ ਸਕਦੀ ਹੈ।

ਇਸੇ ਦੌਰਾਨ ਜੀਵੇ ਪੰਜਾਬ ਐਂਟਰਟੇਨਮੈਂਟ ਦੇ ਮੁਖੀ ਜੱਸੀ ਬੰਗਾ ਅਤੇ ਇਸ ਦੇ ਮੈਂਬਰਾਂ ਨੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਅਚਾਨਕ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਪੰਜਾਬੀ ਸੰਗੀਤ ਜਗਤ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਗੁਰਿੰਦਰ ਮਹੇ, ਸੱਤੀ ਮਹੇ, ਬਲਵਿੰਦਰ ਰੱਲ੍ਹ, ਸਤੀਸ਼ ਰੱਲ੍ਹ, ਹਰਬੰਸ ਰੱਲ੍ਹ, ਬਲਬੀਰ ਸਿੰਘ ਕਲੇਰ, ਰਮੇਸ਼ ਬੰਗੜ, ਜੀਵਨ ਰੱਤੂ, ਕਰਨੈਲ ਵਿਰਕ, ਦਰਸ਼ਨ ਵਿਰਕ, ਮੋਹਨ ਰਾਮ ਪਾਲ, ਸਤਨਾਮ ਮੰਡਾਲੀ, ਕਸ਼ਮੀਰ ਸਿੰਘ ਹੀਰਾ, ਮਨਜੀਤ ਰੱਲ੍ਹ, ਅਵਤਾਰ ਪਾਲ ਜੱਸਲ, ਇੰਦਰਜੀਤ ਪਡਵੱਗਾ, ਰਾਜ ਬੱਧਨ, ਰਾਜ ਸੂਦ, ਮਹਿੰਦਰ ਸਿੰਘ ਧਾਮੀ, ਗਾਇਕ ਤਰਲੋਕ ਸਿੰਘ, ਅਮਰਜੀਤ ਲਾਲੀ, ਭੁਪਿੰਦਰ ਭਿੰਦਾ, ਬਿੰਦੂ ਦੇਵਗਨ, ਜਸਵਿੰਦਰ ਮਹਾਜਨ, ਅਵਤਾਰ ਸਿੱਧੂ, ਜਸਵੰਤ ਜੱਸੀ, ਕੁਲਵਿੰਦਰ ਰੋਨੀ, ਸੁਭਾਗ ਬੰਗਾ, ਜੌਹਨ ਬੰਗਾ ਅਤੇ ਗੀਤਕਾਰ ਦਿਲ ਨਿੱਝਰ ਨੇ ਵੀ ਮਾਣਕ ਦੇ ਚਲਾਣੇ ਉਤੇ ਅਫਸੋਸ ਪ੍ਰਗਟਾਇਆ ਹੈ।

# ਹਿਲੇਰੀ ਕਲਿੰਟਨ ਵੱਲੋਂ ਸੂ ਕੀ ਨਾਲ ਮੁਲਾਕਾਤ

**ਯਗੁਨ:** ਮਿਆਂਮਾਰ ਦੇ 3 ਰੋਜ਼ਾ ਦੌਰੇ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਲੋਕਤੰਤਰ ਸਮਰਥਕ ਨੇਤਾ ਆਂਗ ਸਾਨ ਸੂ ਕੀ ਨਾਲ ਉਨ੍ਹਾਂ ਦੇ ਘਰ ਵਿਚ ਮੁਲਾਕਾਤ ਕੀਤੀ। ਇਸੇ ਘਰ ਵਿਚ ਪਿਛਲੇ 20 ਸਾਲਾਂ ਤੋਂ ਵੀ ਜ਼ਿਆਦਾ ਸਮਾਂ ਤੋਂ ਨੋਬਲ ਪੁਰਸਕਾਰ ਜੇਤੂ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ ਸੀ। ਇਸ ਮੁਲਾਕਾਤ ਵਿਚ ਨਾਗਰਿਕ ਸਰਕਾਰ ਵੱਲੋਂ ਸਿਆਸੀ ਕੈਦੀਆਂ ਨੂੰ ਛੱਡੇ ਜਾਣ ਤੋਂ ਇਲਾਵਾ ਸੁਧਾਰਾਂ ਵਿਚ ਵਿਸਤਾਰ ਤੇ ਸਬੰਧਾਂ ਨੂੰ ਵਧੀਆ ਬਣਾਉਣ ਦੇ ਮੁੱਦਿਆਂ 'ਤੇ ਗੱਲਬਾਤ ਹੋਈ।













